27-Nov-3st-7-8-Pages.qxd 11/27/2025 9:02 PM Page 1






ਦਿੱਲੀ ਐਨ. ਸੀ. ਆਰ. 'ਚ ਹਵਾ ਦੀ ਗੁਣਵੱਤਾ ਬਹੁਤ ਖਰਾਬ ਹੋ ਗਈ ਹੈ। ਕਈ ਇਲਾਕਿਆਂ 'ਚ ਏ.ਕਿਊ. ਆਈ. ਗੰਭੀਰ ਸ਼੍ਰੇਣੀ ਦੇ ਕਰੀਬ ਹੈ। ਲੋਕਾਂ ਨੂੰ ਸਾਹ ਲੈਣ 'ਚ ਤਕਲੀਫ ਹੋ ਰਹੀ ਹੈ। ਸਥਿਤੀ ਚਿੰਤਾਜਨਕ ਹੈ। ਦਿੱਲੀ ਦੇ 'ਕਰੱਤਬ ਪੱਥ' 'ਤੇ ਛਾਇਆ ਕੋਹਰੇ ਦੇ ਨਾਲ ਧੂੰਆਂ ਹਵਾ ਦੀ ਖਰਾਬ ਸਥਿਤੀ ਬਿਆਨ ਕਰਦਾ ਹੋਇਆ।

## ਲਾਲ ਕਿਲ੍ਹੇ ਵਿਖੇ ਸ਼ਹਾਦਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਨੂੰ 30 ਨਵੰਬਰ ਤੱਕ ਵਧਾਇਆ



ਨਵੀਂ ਦਿੱਲੀ, 27 ਨਵੰਬਰ (ਜਗਤਾਰ ਸਿੰਘ)-ਲਾਲ ਕਿਲ੍ਹੇ ਵਿਖੇ ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਪ੍ਰੋਗਰਾਮ ਨੂੰ ਸੰਗਤਾਂ ਵਾਸਤੇ 30 ਨਵੰਬਰ ਤੱਕ ਵਧਾ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਲਾਲ ਕਿਲ੍ਹੇ 'ਤੇ ਹੋਏ ਤਿੰਨ ਰੋਜ਼ਾ ਸਮਾਗਮਾਂ ਦੌਰਾਨ ਭਾਈ ਮਤੀ ਦਾਸ ਜੀ ਦੇ ਨਾਂਅ 'ਤੇ ਮਿਊਜ਼ੀਅਮ ਵਿਚ ਇਕ ਪ੍ਰਦਰਸ਼ਨੀ ਵੀ ਲਗਾਈ ਗਈ ਸੀ ਤੇ ਲਾਈਟ ਐਂਡ ਸਾਊਂਡ ਸ਼ੋਅ ਵੀ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸੰਗਤਾਂ ਦੀ ਮੰਗ ਦੇ ਆਧਾਰ 'ਤੇ ਦਿੱਲੀ ਸਰਕਾਰ ਨਾਲ ਗੱਲਬਾਤ ਕੀਤੀ ਸੀ। ਜਿਸ ਤੋਂ ਬਾਅਦ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਇਸ ਮਿਊਜ਼ੀਅਮ ਵਿਚ ਪ੍ਰਦਰਸ਼ਨੀ ਅਤੇ ਲਾਈਟ ਐਂਡ ਸਾਊਂਡ ਸ਼ੋਅ ਨੂੰ 30 ਨਵੰਬਰ ਤੱਕ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਹੁਣ ਸੰਗਤਾਂ 30 ਨਵੰਬਰ ਤੱਕ ਇਹ ਪ੍ਰੋਗਰਾਮ ਵੇਖ ਸਕਣਗੀਆਂ।



ਸੇਵਕ ਜੱਥਾ ਮੁੰਬਈ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਉਨ੍ਹਾਂ ਦੀ ਹੌਸਲਾ ਅਫਜਾਈ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ,ਅਮਰਜੀਤ ਸਿੰਘ ਚਾਵਲਾ, ਰਾਮ ਸਿੰਘ ਬੰਬੇ ਤੇ ਹੋਰ। ਅਜੀਤ ਤਸਵੀਰ

## ਐਡਵੋਕੇਟ ਧਾਮੀ ਨੇ ਨਿਸ਼ਕਾਮ ਸੇਵਾਵਾਂ ਲਈ 'ਸੇਵਕ ਜੱਥਾ ਮੁੰਬਈ' ਦੀ ਕੀਤੀ ਹੌਸਲਾ ਅਫ਼ਜ਼ਾਈ

ਨਵੀਂ ਦਿੱਲੀ, 27 ਨਵੰਬਰ (ਜਗਤਾਰ ਸਿੰਘ)-ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਨੰਦ ਪੁਰ ਸਾਹਿਬ ਕਰਵਾਏ ਜਾ ਰਹੇ ਸਮਾਗਮ ਵਿਚ 'ਸੇਵਾ ਜਥਾ ਮੁੰਬਈ' ਵੱਲੋਂ ਕਈ ਤਰ੍ਹਾਂ ਦੀ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਨ੍ਹਾਂ ਸੇਵਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੇਵਕ ਜਥਾ ਮੁੰਬਈ ਦੇ ਮੁਖੀ ਰਾਮ ਸਿੰਘ 'ਬੰਬੇ' ਅਤੇ ਹੋਰਨਾ ਵਲੰਟੀਅਰਸ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਰਾਮ ਸਿੰਘ ਬੰਬੇ ਦੀ ਅਗਵਾਈ ਵਿਚ ਸੇਵਕ ਜਥਾ ਮੁੰਬਈ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ ਅਤੇ ਉਹ ਉਮੀਦ ਕਰਦੇ ਹਨ ਕਿ ਭਵਿੱਖ ਵਿਚ ਵੀ ਸੇਵਕ ਜਥਾ ਮੁੰਬਈ ਵੱਲੋਂ ਹਰ ਤਰਾਂ ਦੀਆਂ ਸੇਵਾਵਾਂ ਵਧ ਚੜ੍ਹ ਕੇ ਨਿਭਾਈਆਂ ਜਾਂਦੀਆਂ ਰਹਿਣਗੀਆਂ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਜਥੇ ਦੇ ਮੁਖੀ ਰਾਮ ਸਿੰਘ ਬੰਬੇ ਵੱਲੋਂ ,ਧੋਬੜੀ ਸਾਹਿਬ ਤੋਂ ਸ਼ੁਰੂ ਹੋਏ ਨਗਰ ਕੀਰਤਨ ਵਿਚ ਵੀ ਕਈ ਤਰ੍ਹਾਂ ਦੀਆਂ ਸੇਵਾਵਾਂ ਨਿਭਾਈਆਂ ਸਨ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ, ਅਮਰਜੀਤ ਸਿੰਘ ਚਾਵਲਾ ਸਮੇਤ ਉੱਥੇ ਮੌਜੂਦ ਹੋਰਨਾ ਸ਼ਖ਼ਸੀਅਤਾਂ ਨੇ ਵੀ ਸੇਵਾ ਜਥਾ ਮੁੰਬਈ ਦਾ ਹੌਸਲਾ ਵਧਾਇਆ।

## ਦਿੱਲੀ ਚਿੜੀਆਘਰ ਤੋਂ ਫਰਾਰ ਹੋਏ ਗਿੱਦੜ ਆਪਣੇ ਆਪ ਵਾੜੇ 'ਚ ਪਰਤੇ

ਨਵੀਂ ਦਿੱਲੀ, 27 ਨਵੰਬਰ (ਮਿਸਰਦੀਪ ਭਾਟੀਆ)-ਦਿੱਲੀ ਦੇ ਨੈਸ਼ਨਲ ਜ਼ੁਆਲੋਜੀਕਲ ਪਾਰਕ (ਦਿੱਲੀ ਚਿੜੀਆਘਰ) ਵਿਚ ਪਿਛਲੇ ਦਿਨੀਂ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਕੁਝ ਗਿੱਦੜ ਆਪਣੇ ਵਾੜੇ ਤੋਂ ਭੱਜ ਗਏ ਸਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਚਿੜੀਆਘਰ ਪ੍ਰਸ਼ਾਸਨ ਨੇ ਪੂਰੇ ਜੰਗਲੀ ਖੇਤਰ ਵਿਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਗਿੱਦੜ ਅਜੇ ਵੀ ਚਿੜੀਆਘਰ ਖੇਤਰ ਵਿਚ ਹੀ ਮੌਜੂਦ ਸਨ ਅਤੇ ਆਪਣੇ ਆਪ ਵਾਪਸ ਆ ਗਏ। ਇਸ ਘਟਨਾ ਨੇ ਇਕ ਵਾਰ ਫਿਰ ਚਿੜੀਆਘਰ ਦੀ ਸੁਰੱਖਿਆ ਵਿਵਸਥਾ ਅਤੇ ਪਸ਼ੂ ਪ੍ਰਬੰਧਨ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਮਾਮਲੇ ਤੋਂ ਜਾਣੂ ਇਕ ਅਧਿਕਾਰੀ ਨੇ ਕਿਹਾ ਗਿੱਦੜ ਵਾੜੇ ਦੇ ਪਿਛਲੇ ਹਿੱਸੇ ਤੋਂ ਖਿਸਕ ਕੇ ਬਾਹਰ ਨਿਕਲ ਗਏ ਸਨ ਜੋ ਸਿੱਧਾ ਉਸ ਸੰਘਣੇ ਜੰਗਲ ਦੇ ਵੱਲ ਖੁੱਲ੍ਹਦਾ ਹੈ ਜੋ ਚਿੜੀਆਘਰ ਦੀ ਬਾਹਰੀ ਸੀਮਾ ਦਾ ਹਿੱਸਾ ਹੈ। ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਸੈਲਾਨੀਆਂ ਲਈ ਕੋਈ ਖ਼ਤਰਾ ਨਹੀਂ ਹੈ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਗਿੱਦੜਾਂ ਨੇ ਵਾੜੇ ਦੇ ਪਿੱਛੇ ਮੌਜੂਦ ਇਕ ਮੋਰੀ ਦਾ ਫਾਇਦਾ ਉਠਾ ਕੇ ਬਾਹਰ ਨਿਕਲਣ ਦਾ ਰਸਤਾ ਬਣਾਇਆ। ਖੋਜ ਟੀਮਾਂ ਨੂੰ ਪੂਰੇ ਜੰਗਲੀ ਖੇਤਰ ਵਿਚ ਤਾਇਨਾਤ ਕਰ ਦਿੱਤਾ ਗਿਆ ਸੀ ਤਾਂ ਜੋ ਜਾਨਵਰਾਂ ਨੂੰ ਸੁਰੱਖਿਅਤ ਵਾਪਸ ਲਿਆਇਆ ਜਾ ਸਕੇ। ਗਿੱਦੜਾਂ ਦੇ ਵਾੜੇ ਦੇ ਚਾਰੋਂ ਪਾਸੇ ਤਾਰ ਦੀ ਇਕ ਉੱਚੀ ਜਾਲੀ ਲੱਗੀ ਹੋਈ ਹੈ ਅਤੇ ਅੰਦਰ ਬਿਲ, ਛਾਂਦਾਰ ਜਗ੍ਹਾ ਅਤੇ ਆਸਰਾ ਸਥਲ ਵੀ ਬਣੇ ਹੋਏ ਹਨ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਕਿ ਜਾਲੀ ਦਾ ਜੋ ਹਿੱਸਾ ਟੁੱਟਿਆ ਸੀ, ਉਥੋਂ ਗਿੱਦੜ ਭੱਜ ਗਏ ਸਨ। ਹੁਣ ਇਸ ਹਿੱਸੇ ਦੀ ਵਿਸਤ੍ਰਿਤ ਜਾਂਚ ਕੀਤੀ ਜਾ ਰਹੀ ਹੈ ਕਿ ਆਖਰ ਇਹ ਟੁੱਟ-ਭੱਜ ਕਿਵੇਂ ਹੋਈ। ਦਿੱਲੀ ਚਿੜੀਆਘਰ ਦੇ ਅਧਿਕਾਰੀਆਂ ਦੇ ਅਨੁਸਾਰ ਚਿੜੀਆਘਰ ਵਿਚ ਲਗਭਗ 8 ਗਿੱਦੜ ਹਨ। ਜਿਨ੍ਹਾਂ ਵਿਚੋਂ 3 ਲਾਪਤਾ ਹੋ ਗਏ ਸਨ ਹੁਣ ਉਹ ਤਿੰਨੋਂ ਵਾਪਸ ਆ ਗਏ ਹਨ। ਇਕ ਹੋਰ ਅਧਿਕਾਰੀ ਨੇ ਕਿਹਾ ਕਿ ਗਿੱਦੜ ਸੈਲਾਨੀਆਂ ਦੇ ਰਸਤੇ ਵੱਲ ਨਹੀਂ ਗਏ ਸਨ।





ਨਵੀਂ ਦਿੱਲੀ 'ਚ ਭਾਊ ਗੈਂਗ ਤੇ ਪੁਲਿਸ ਮੁਕਾਬਲੇ ਦੌਰਾਨ ਫੜ੍ਹਿਆ ਭਾਊ ਗੈਂਗ ਦਾ ਸ਼ੂਟਰ ਅੰਕਿਤ, ਜਿਸ 'ਤੇ 25000 ਦਾ ਇਨਾਮ ਸੀ ਅਤੇ (ਸੱਜੇ) ਮੌਕੇ 'ਤੇ ਬਰਾਮਦ ਪਿਸਤੌਲ ਤੇ ਡੁੱਲ੍ਹਿਆ ਖ਼ੂਨ।




ਧਰਨੇ 'ਤੇ ਬੈਠੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਮੁਲਾਕਾਤ ਕਰਦੇ ਹੋਏ ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਜੀ.ਕੇ., ਗੁਣਜੀਤ ਸਿੰਘ ਬਖ਼ਸ਼ੀ, ਰਣਬੀਰ ਸਿੰਘ ਰਾਣਾ ਤੇ ਹੋਰ। ਅਜੀਤ ਤਸਵੀਰ

## ਜੀ.ਕੇ. ਤੇ ਬਖ਼ਸ਼ੀ ਨੇ ਧਰਨੇ 'ਤੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ

**ਵਿਦਿਆਰਥੀਆਂ ਨੂੰ ਦਿਵਾਇਆ ਹਰ ਸੰਭਵ ਮਦਦ ਦਾ ਭਰੋਸਾ**

ਨਵੀਂ ਦਿੱਲੀ, 27 ਨਵੰਬਰ (ਜਗਤਾਰ ਸਿੰਘ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. (ਸੀਨੀਅਰ ਅਕਾਲੀ ਆਗੂ) ਤੇ ਗੁਣਜੀਤ ਸਿੰਘ ਬਖ਼ਸ਼ੀ ਨੇ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ ) ਦੇ ਮਸਲਿਆਂ ਨੂੰ ਲੈ ਕੇ ਧਰਨੇ 'ਤੇ ਬੈਠੇ ਵਿਦਿਆਰਥੀਆਂ ਤੇ ਸਟਾਫ਼ ਨਾਲ ਮੁਲਾਕਾਤ ਕੀਤੀ। ਇਸ ਮੌਕੇ ਐਸ.ਓ.ਆਈ. ਦੇ ਕੌਮੀ ਪ੍ਰਧਾਨ ਰਣਬੀਰ ਸਿੰਘ ਰਾਣਾ ਢਿੱਲੋਂ ਤੇ ਹੋਰ ਆਗੂ ਵੀ ਨਾਲ ਸਨ। ਧਰਨੇ ਵਾਲੀ ਥਾਂ 'ਤੇ ਪੁੱਜ ਕੇ ਜੀ.ਕੇ. ਨੇ ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਸਮੇਤ ਹੋਰਨਾ ਮੁੱਦਿਆਂ ਨੂੰ ਲੈ ਕੇ ਸਾਡੀ ਟੀਮ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰੇਗੀ ਅਤੇ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਏਗੀ। ਦੱਸਣਯੋਗ ਹੈ ਕਿ ਪੰਜਾਬ ਯੂਨੀਵਰਸਿਟੀ ਨਾਲ ਜੁੜੇ ਮਸਲਿਆਂ ਨੂੰ ਲੈ ਕੇ ਵਿਦਿਆਰਥੀ ਧਰਨੇ 'ਤੇ ਬੈਠੇ ਹਨ ਅਤੇ ਬੀਤੇ ਕਲ ਪੰਜਾਬ ਯੂਨੀਵਰਸਿਟੀ ਦੇ ਗੇਟ ਵੀ ਬੰਦ ਕਰਵਾ ਦਿੱਤੇ ਗਏ ਸੀ।

## ਬੰਗਲਾਦੇਸ਼ੀ ਨਾਗਰਿਕ ਗ੍ਰਿਫ਼ਤਾਰ

ਕੋਲਕਾਤਾ, 27 ਨਵੰਬਰ (ਰਣਜੀਤ ਸਿੰਘ ਲੁਧਿਆਣਵੀ)-ਹੁਗਲੀ ਜਿਲੇ ਦੇ ਡਾਨਕੂਨੀ ਚ ਫਰਜੀ ਦਸ਼ਤਾਵੇਜ ਜਮਾ ਕਰਕੇ ਭਾਰਤੀ ਨਾਗਰਿਕਤਾ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਹੇ ਇਕ ਮੁਸਲਮਾਨ ਨੌਜਵਾਨ ਨੂੰ ਪੁਲਿਸ ਨੇ ਗਿਰਫਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਡਾਨਕੂਨੀ ਨਗਰ ਨਿਗਮ ਦੇ ਵਾਰਡ ਨੰਬਰ 20 ਚ ਰਹਿ ਰਹੇ ਇਕ ਬੰਗਲਾਦੇਸ਼ੀ ਨੌਜਵਾਨ ਨਦੀਮ ਨੂੰ ਗਿਰਫਤਾਰ ਕੀਤਾ ਹੈ। ਨਦੀਮ ਨੇ 2015 ਚ ਮਰ ਚੁੱਕੇ ਮੋਹਸੀਨ ਖਾਨ ਦੇ ਐਨੂਮਰੇਸ਼ਨ ਫਾਰਮ ਨੂੰ ਖਰੀਦ ਕੇ ਆਪਣੇ ਪਿਤਾ ਦੀ ਥਾਂ ਉਨਾਂ ਦਾ ਨਾਮ ਭਰਿਆ ਸੀ। ਮੋਹਸੀਨ ਦੇ ਪਰਿਵਾਰ ਵਾਲਿਆਂ ਨੂੰ ਜਦੋਂ ਇਸ ਬਾਰੇ ਪਤਾ ਚਲਿਆ ਤਾਂ ਨੌਜਵ ਾਨ ਨੂੰ ਫੜਕੇ ਪੁਲਿਸ ਨੂੰ ਸੂਚਿਤ ਕੀਤਾ। ਪੁੱਛਗਿੱਛ ਦੌਰਾਨ ਉਸਨੇ ਮੰਨਿਆ ਕਿ 15 ਸਾਲ ਤੋਂ ਇਲਾਕੇ ਚ ਰਹਿ ਰਿਹਾ ਸੀ ਅਤੇ 4000 ਰੁਪਏ ਖਰਚ ਕਰਕੇ ਵੋਟਰ ਪਛਾਣ ਪੱਤਰ ਬਣਾਇਆ ਸੀ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਮ੍ਰਿਤਕਾਂ ਦੇ ਐਨੂਮਰੇਸ਼ਨ ਫਾਰਮ ਖਰੀਦ ਕੇ ਕੌਣ ਇਸ ਤਰਾਂ ਦਾ ਕੰਮ ਕਰ ਰਿਹਾ ਹੈ।

## ਤੇਜ਼ ਰਫ਼ਤਾਰ ਕਾਰ ਨੇ ਦੋ ਪੈਦਲ ਯਾਤਰੀਆਂ ਨੂੰ ਟੱਕਰ ਮਾਰੀ, ਡਰਾਈਵਰ ਫ਼ਰਾਰ, ਦੋਵਾਂ ਦੀ ਮੌਤ

ਨਵੀਂ ਦਿੱਲੀ, 27 ਨਵੰਬਰ (ਮਿਸਰਦੀਪ ਭਾਟੀਆ)-ਦਿੱਲੀ ਦੇ ਮੋਤੀ ਨਗਰ ਇਲਾਕੇ ਵਿਚ ਬੁੱਧਵਾਰ ਸ਼ਾਮ ਨੂੰ ਸੜਕ ਹਾਦਸੇ ਵਿਚ ਜ਼ਖ਼ਮੀ ਹੋਏ ਦੋ ਲੋਕਾਂ ਦੀ ਦੇਰ ਰਾਤ ਇਲਾਜ ਦੇ ਦੌਰਾਨ ਮੌਤ ਹੋ ਗਈ। ਇਹ ਹਾਦਸਾ 26 ਨਵੰਬਰ ਦੀ ਸ਼ਾਮ ਨੂੰ ਜ਼ਖੀਰਾ ਗੋਲਚੱਕਰ ਦੇ ਨੇੜੇ ਵਾਪਰਿਆ, ਜਿਥੇ ਇਕ ਤੇਜ਼ ਰਫਤਾਰ ਟਾਟਾ ਟਿਆਗੋ ਕਾਰ ਨੇ ਦੋ ਪੈਦਲ ਯਾਤਰੀਆਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਤੋਂ ਬਾਅਦ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਹਾਦਸੇ ਦੀ ਸੂਚਨਾ ਮਿਲਦੇ ਹੀ ਪੀ.ਸੀ.ਆਰ. ਮੌਕੇ 'ਤੇ ਪਹੁੰਚੀ ਅਤੇ ਗੰਭੀਰ ਰੂਪ ਵਿਚ ਜ਼ਖ਼ਮੀਆਂ ਨੂੰ ਏ.ਬੀ.ਜੀ. ਹਸਪਤਾਲ ਪਹੁੰਚਾਇਆ। ਜ਼ਖ਼ਮੀਆਂ ਦੀ ਪਛਾਣ 48 ਸਾਲਾ ਮੁੰਨੀ ਲਾਲ ਅਤੇ 74 ਸਾਲਾ ਸੂਰਜਪਾਲ ਵਜੋਂ ਹੋਈ ਹੈ। ਦੋਵਾਂ ਨੂੰ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਗੰਭੀਰ ਹਾਲਤ ਦੇਖਦੇ ਹੋਏ ਆਰ.ਐਮ.ਐਲ. ਹਸਪਤਾਲ ਰੈਫਰ ਕਰ ਦਿੱਤਾ। ਪਰਿਵਾਰ ਵਾਲੇ ਉਨ੍ਹਾਂ ਨੂੰ ਆਰ.ਐਮ.ਐਲ. ਹਸਪਤਾਲ ਲੈ ਗਏ। ਪੁਲਿਸ ਦੇ ਅਨੁਸਾਰ ਜਾਂਚ ਅਧਿਕਾਰੀ ਨੇ ਘਟਨਾ ਸਥਾਨ ਤੋਂ ਕਾਰ ਜ਼ਬਤ ਕਰ ਲਈ ਹੈ ਅਤੇ ਦੋਵਾਂ ਜ਼ਖ਼ਮੀਆਂ ਦੇ ਐਮ.ਐਲ.ਸੀ. ਵੀ ਇਕੱਠੇ ਕਰ ਲਏ ਸਨ। ਦੋਵੇਂ ਜ਼ਖ਼ਮੀ ਬਿਆਨ ਦੇਣ ਦੀ ਹਾਲਤ ਵਿਚ ਨਹੀਂ ਸਨ। ਇਹ ਮਾਮਲਾ ਬੀ.ਐਨ.ਐਸ. ਦੇ ਤਹਿਤ ਦਰਜ ਕੀਤਾ ਗਿਆ ਹੈ। ਵੀਰਵਾਰ 27 ਨਵੰਬਰ ਨੂੰ ਪੁਲਿਸ ਨੂੰ ਸੂਚਨਾ ਮਿਲੀ ਕਿ ਦੋਵੇਂ ਜ਼ਖ਼ਮੀਆਂ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਪੁਲਿਸ ਨੇ ਦੱਸਿਆ ਕਿ ਦੋਵਾਂ ਮ੍ਰਿਤਕਾਂ ਦਾ ਪੋਸਟਮਾਰਟਮ ਚਲ ਰਿਹਾ ਹੈ ਅਤੇ ਜਾਂਚ ਜਾਰੀ ਹੈ। ਕਾਰ ਡਰਾਈਵਰਾਂ ਦੀ ਪਛਾਣ ਕਰਨ ਲਈ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਸੀ.ਸੀ.ਟੀ.ਵੀ. ਫੁਟੇਜ ਅਤੇ ਹੋਰ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੋਤੀ ਨਗਰ ਥਾਣੇ ਨੇ ਕਿਹਾ ਕਿ ਹਾਦਸੇ ਦੀ ਵਜ੍ਹਾ ਕਾਰ ਦੀ ਸਪੀਡ ਅਤੇ ਡਰਾਈਵਰ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

## ਦਿੱਲੀ ਵਿਚ ਪੁਲਿਸ ਮੁਕਾਬਲੇ ਤੋਂ ਬਾਅਦ ਹਿਮਾਂਸ਼ੂ ਭਾਊ ਗੈਂਗ ਦਾ ਇਕ ਸ਼ੂਟਰ ਗ੍ਰਿਫ਼ਤਾਰ

ਨਵੀਂ ਦਿੱਲੀ, 27 ਨਵੰਬਰ (ਮਿਸਰਦੀਪ ਭਾਟੀਆ)-ਦਵਾਰਕਾ ਜ਼ਿਲ੍ਹਾ ਪੁਲਿਸ ਦੀ ਐਂਟੀ ਨਾਰਕੋਟਿਕਸ ਸੈੱਲ ਨੇ ਲੰਬੇ ਸਮੇਂ ਤੋਂ ਫ਼ਰਾਰ ਚੱਲ ਰਹੇ ਹਿਮਾਂਸ਼ੂ ਭਾਊ ਗੈਂਗ ਦੇ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ। ਭੱਜਦੇ ਹੋਏ ਦੋਸ਼ੀ ਨੇ ਪੁਲਿਸ ਟੀਮ 'ਤੇ ਤਿੰਨ ਰੌਂਦ ਫਾਇਰਿੰਗ ਕੀਤੀ, ਜਿਸਦੇ ਬਾਅਦ ਪੁਲਿਸ ਦੀ ਜਵਾਬੀ ਕਾਰਵਾਈ ਵਿਚ ਦੋਸ਼ੀ ਦੇ ਪੈਰ ਵਿਚ ਗੋਲੀ ਲੱਗੀ। ਪੁਲਿਸ ਨੇ ਦੋਸ਼ੀ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਹੈ। ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੋਸ਼ੀ ਅੰਕਿਤ 'ਤੇ 25 ਹਜ਼ਾਰ ਰੁਪਏ ਦਾ ਇਨਾਮ ਐਲਾਨਿਆ ਹੋਇਆ ਸੀ। ਦਿੱਲੀ ਪੁਲਿਸ ਤੋਂ ਇਲਾਵਾ ਹਰਿਆਣਾ ਪੁਲਿਸ ਵੀ ਲੰਬੇ ਸਮੇਂ ਤੋਂ ਉਸਦੀ ਭਾਲ ਕਰ ਰਹੀ ਸੀ। ਡਿਪਟੀ ਕਮਿਸ਼ਨਰ ਆਫ਼ ਪੁਲਿਸ ਅੰਕਿਤ ਸਿੰਘ ਨੇ ਦੱਸਿਆ ਕਿ 28 ਅਕਤੂਬਰ ਨੂੰ ਨਜ਼ਫਗੜ੍ਹ ਇਲਾਕੇ ਵਿਚ ਹੋਈ ਗੈਂਗਵਾਰ ਦੇ ਦੌਰਾਨ ਹਿਮਾਂਸ਼ੂ ਭਾਊ ਗੈਂਗ ਦੇ ਸ਼ੂਟਰਾਂ ਨੇ ਰੋਹਿਤ ਲਾਂਬਾ ਨੂੰ ਗੋਲੀ ਮਾਰੀ ਸੀ। ਰੋਹਿਤ ਗੋਲੀਬਾਰੀ ਵਿਚ ਬਚ ਗਿਆ ਸੀ। ਪੁਲਿਸ ਨੇ ਉਸਦੇ ਬਿਆਨ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਸੀ ਅਤੇ ਜਾਂਚ ਸ਼ੁਰੂ ਕੀਤੀ ਸੀ ਅਤੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਪਰ ਮਾਮਲੇ ਵਿਚ ਸ਼ਾਮਿਲ ਦੋਵੇਂ ਸ਼ੂਟਰ ਅੰਕਿਤ ਅਤੇ ਦੀਪਕ ਫ਼ਰਾਰ ਹੋ ਗਏ ਸਨ। ਪੁਲਿਸ ਨੇ ਦੋਵਾਂ 'ਤੇ 25-25 ਹਜ਼ਾਰ ਦਾ ਇਨਾਮ ਐਲਾਨਿਆ ਸੀ। ਵੀਰਵਾਰ ਸਵੇਰੇ ਪੁਲਿਸ ਨੂੰ ਸੂਚਨਾ ਮਿਲੀ ਕਿ ਸ਼ੂਟਰ ਅੰਕਿਤ ਨਜ਼ਫਗੜ੍ਹ ਦੇ ਸਾਈਂ ਬਾਬਾ ਮੰਦਿਰ ਦੇ ਨੇੜੇ ਆਉਣ ਵਾਲਾ ਹੈ। ਪੁਲਿਸ ਨੇ ਇਕ ਜਾਲ ਵਿਛਾ ਕੇ ਅੰਕਿਤ ਦਾ ਇੰਤਜ਼ਾਰ ਕੀਤਾ। ਸਵੇਰੇ 8.05 ਵਜੇ ਅੰਕਿਤ ਬਾਈਕ 'ਤੇ ਉਥੇ ਪਹੁੰਚਿਆ। ਅੰਕਿਤ ਨੂੰ ਦੇਖ ਕੇ ਪੁਲਿਸ ਨੇ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਬਾਈਕ 'ਤੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਪੁਲਿਸ ਟੀਮ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਦੋਸ਼ੀ ਦੀ ਇਕ ਗੋਲੀ ਹੈੱਡ ਕਾਂਸਟੇਬਲ ਕੁਲਦੀਪ ਨੂੰ ਲੱਗੀ। ਪਰ ਬੁਲੇਟਪਰੂਫ ਜੈਕਟ ਪਾਈ ਹੋਣ ਕਰਕੇ ਉਹ ਬਚ ਗਿਆ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ ਜਿਸ ਵਿਚ ਅੰਕਿਤ ਦੇ ਸੱਜੇ ਪੈਰ ਵਿਚ ਗੋਲੀ ਲੱਗੀ। ਪੁਲਿਸ ਨੇ ਜ਼ਖ਼ਮੀ ਅੰਕਿਤ ਨੂੰ ਫੜ ਲਿਆ ਅਤੇ ਨਜ਼ਦੀਕੀ ਹਸਪਤਾਲ ਵਿਚ ਦਾਖ਼ਲ ਕਰਵਾਇਆ। ਪੁਲਿਸ ਨੇ ਇਲਾਜ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਨੂੰ 2020 ਵਿਚ ਪੁਲਿਸ ਕਾਂਸਟੇਬਲ ਨੂੰ ਗੋਲੀ ਮਾਰਨ ਦੇ ਦੋਸ਼ ਵਿਚ ਹਰਿਆਣਾ ਪੁਲਿਸ ਵੀ ਲੰਬੇ ਸਮੇਂ ਤੋਂ ਉਸਦੀ ਭਾਲ ਕਰ ਰਹੀ ਸੀ।



ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮ ਦੌਰਾਨ ਸਪੈਨਿਸ਼ ਅਤੇ ਅੰਗਰੇਜ਼ੀ ਕਵੀ ਆਪਣੀਆਂ-ਆਪਣੀਆਂ ਕਵਿਤਾਵਾਂ ਪੇਸ਼ ਕਰਦੇ ਹੋਏ।

## ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮ ਦੇ ਤਹਿਤ ਸਪੈਨਿਸ਼ ਅਤੇ ਅੰਗਰੇਜ਼ੀ ਕਵਿਤਾ-ਪਾਠ ਕਰਵਾਇਆ

ਨਵੀਂ ਦਿੱਲੀ, 27 ਨਵੰਬਰ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਅਤੇ ਇੰਸਟੀਚਿਊਟੋ ਸਰਵੈਂਟਸ ਵਲੋਂ ਸਾਂਝੇ ਤੌਰ 'ਤੇ ਸਾਹਿਤ ਅਕਾਦਮੀ ਵਿਚ ਇਕ ਕਵਿਤਾ-ਪਾਠ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿਚ ਤਿੰਨ ਸਪੈਨਿਸ਼ ਕਵੀਆਂ ਅਤੇ ਦੋ ਭਾਰਤੀ ਕਵੀਆਂ ਨੇ ਹਿੱਸਾ ਲਿਆ। ਇਸ ਮੌਕੇ ਸ਼ੁਰੂਆਤੀ ਟਿੱਪਣੀ ਇੰਸਟੀਚਿਊਟੋ ਸਰਵੈਂਟਸ ਦੀ ਡਾਇਰੈਕਟਰ ਮਾਰੀਆ ਗਿੱਲ ਬਰਮਨ ਨੇ ਕੀਤੀ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਉੱਘੀ ਅੰਗਰੇਜ਼ੀ ਲੇਖਿਕਾ ਅਤੇ ਅੰਗਰੇਜ਼ੀ ਸਲਾਹਕਾਰ ਬੋਰਡ, ਸਾਹਿਤ ਅਕਾਦਮੀ ਦੀ ਕਨਵੀਨਰ ਮਾਲਾ ਸ਼੍ਰੀ ਲਾਲ ਨੇ ਕੀਤੀ। ਸਪੇਨ ਤੋਂ ਆਏ ਕਵੀ ਸਨ - ਫੇਲਿਪੇ ਜੁਆਰਿਸਤੀ, ਜਿਨ੍ਹਾਂ ਨੇ ਬਾਸਕ ਭਾਸ਼ਾ ਵਿਚ ਆਪਣੀ ਕਵਿਤਾ ਪੇਸ਼ ਕੀਤੀ, ਜਿਸਦਾ ਸਿਰਲੇਖ ਸੀ- 'ਮੈਟਰੋਪੋਲਿਸ'। ਲੌਰਾ ਜਿਆਰਦਾਨੀ ਨੇ ਆਪਣੀ ਕਵਿਤਾ 'ਵਟ ਯੂ ਟੂ ਡੂ' ਪੇਸ਼ ਕੀਤੀ। ਇਨ੍ਹਾਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਸ਼ੁਭਰਾ ਬੰਧੋਪਾਧਿਆਏ ਨੇ ਪੇਸ਼ ਕੀਤੇ। ਭਾਰਤੀ ਕਵੀਆਂ ਵਿਚੋਂ ਅਭੈ. ਕੇ. ਨੇ ਆਪਣੀ ਕਵਿਤਾ 'ਲੋਰਕਾ ਐਂਡ ਆਈ ਇਨ ਨਿਊਯਾਰਕ' ਪੇਸ਼ ਕੀਤੀ, ਜਿਸਦਾ ਸਪੈਨਿਸ਼ ਵਿਚ ਅਨੁਵਾਦ ਵਿਕਾਸ ਨੇ ਕੀਤਾ। ਲਕਸ਼ਮੀ ਕੰਨਨ ਨੇ ਨਦੀਆਂ 'ਤੇ ਕੇਂਦ੍ਰਿਤ ਆਪਣੀਆਂ ਦੋ ਕਵਿਤਾਵਾਂ ਪੇਸ਼ ਕੀਤੀਆਂ, ਜੋ ਸਰਸਵਤੀ ਅਤੇ ਕਾਵੇਰੀ 'ਤੇ ਕੇਂਦ੍ਰਿਤ ਸਨ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਮਾਲਾ ਸ਼੍ਰੀਲਾਲ ਨੇ ਕਿਹਾ ਕਿ ਅੱਜ ਇਥੇ ਭਾਰਤ ਅਤੇ ਸਪੇਨ ਦੇ ਸੰਬੰਧ ਗਹਿਰੇ ਹੋਏ ਹਨ। ਦੋਵੇਂ ਭਾਸ਼ਾਵਾਂ ਦੀਆਂ ਕਵਿਤਾਵਾਂ ਵਿਚ ਇਕ ਜੈਸੀ ਪ੍ਰਕਿਰਤੀ ਅਤੇ ਅਧਿਆਤਮਿਕਤਾ ਮਹਿਸੂਸ ਕੀਤੀ ਜਾ ਸਕਦੀ ਹੈ। ਇੰਸਟੀਚਿਊਟੋ ਸਰਵੈਂਟਸ ਦੀ ਡਾਇਰੈਕਟਰ ਮਾਰੀਆ ਗਿੱਲ ਬਰਮਨ ਨੇ ਕਿਹਾ ਕਿ ਤੀਜੀ ਸਭ ਤੋਂ ਵੱਡੀ ਭਾਸ਼ਾ ਹੋਣ ਦੇ ਨਾਤੇ ਅਸੀਂ ਭਾਰਤ ਵਿਚ ਸਪੈਨਿਸ਼ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ। ਸਾਹਿਤ ਅਕਾਦਮੀ ਦੀ ਸਕੱਤਰ ਪੱਲਵੀ ਪ੍ਰਸ਼ਾਂਤ ਹੋਲਕਰ ਨੇ ਕਿਤਾਬਾਂ ਭੇਟ ਕਰਕੇ ਸਾਰਿਆਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮਾਂ ਰਾਹੀਂ ਦੋਵਾਂ ਦੇਸ਼ਾਂ ਦੀਆਂ ਭਾਸ਼ਾਵਾਂ ਅਤੇ ਸੱਭਿਆਚਾਰ ਦੀ ਵਿਭਿੰਨਤਾ ਨੂੰ ਮਹਿਸੂਸ ਕਰ ਸਕਦੇ ਹਾਂ।

## ਦਿੱਲੀ ਵਿਚ ਪੁਲਿਸ ਨੇ ਇਕ ਗ਼ੈਰ-ਕਾਨੂੰਨੀ ਮੋਬਾਈਲ ਫੋਨ ਫੈਕਟਰੀ ਦਾ ਪਰਦਾਫਾਸ਼ ਕੀਤਾ

ਨਵੀਂ ਦਿੱਲੀ, 27 ਨਵੰਬਰ (ਮਿਸਰਦੀਪ ਭਾਟੀਆ)-ਰਾਜਧਾਨੀ ਦਿੱਲੀ ਵਿਚ ਪੁਲਿਸ ਨੇ ਇਕ ਅਵੈਧ ਮੋਬਾਈਲ ਫੈਕਟਰੀ ਦਾ ਪਰਦਾਫਾਸ਼ ਕੀਤਾ ਹੈ। ਦਿੱਲੀ ਪੁਲਿਸ ਨੇ ਆਪ੍ਰੇਸ਼ਨ 'ਸਾਈਬਰ ਹਾਕ' ਦੇ ਤਹਿਤ ਇਕ ਵੱਡੇ ਅਤੇ ਸੰਗਠਿਤ ਮੋਬਾਈਲ ਮੈਨੂੰਫੈਕਚਰਿੰਗ ਅਤੇ ਆਈ. ਐਮ. ਈ. ਆਈ. ਟੈਂਪਰਿੰਗ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਛਾਪੇਮਾਰੀ ਦੇ ਦੌਰਾਨ 1826 ਮੋਬਾਈਲ ਫੋਨ, ਹਜ਼ਾਰਾਂ ਮੋਬਾਈਲ ਬਾਡੀ ਪਾਰਟਸ, ਇਕ ਲੈਪਟਾਪ, ਆਈ. ਐਮ. ਈ. ਆਈ. ਬਦਲਣ ਵਾਲਾ ਸਾਫਟਵੇਅਰ, ਆਈ. ਐਮ. ਈ. ਆਈ. ਸਕੈਨਰ ਅਤੇ ਹੋਰ ਉਪਕਰਨ ਜ਼ਬਤ ਕੀਤੇ। ਪੁਲਿਸ ਇਸ ਨੂੰ ਟੈਲੀਕਾਮ ਸੈਕਟਰ ਵਿਚ ਹੋਣ ਵਾਲੀਆਂ ਅਵੈਧ ਗਤੀਵਿਧੀਆਂ ਦੇ ਖ਼ਿਲਾਫ਼ ਇਕ ਵੱਡੀ ਕਾਰਵਾਈ ਮੰਨਦੀ ਹੈ। ਕਰੋਲ ਬਾਗ ਥਾਣਾ ਪਿਛਲੇ 15 ਦਿਨਾਂ ਤੋਂ ਇਲਾਕੇ ਵਿਚ ਮੋਬਾਈਲ ਫੋਨ ਨਾਲ ਸੰਬੰਧਿਤ ਅਵੈਧ ਗਤੀਵਿਧੀਆਂ 'ਤੇ ਨਜ਼ਰ ਰੱਖ ਰਿਹਾ ਸੀ। ਇਸ ਦੌਰਾਨ ਪੁਲਿਸ ਨੂੰ ਬਿਦਨਪੁਰ ਵਿਖੇ ਇਕ ਇਮਾਰਤ ਵਿਚ ਚੱਲ ਰਹੀ ਅਵੈਧ ਮੋਬਾਈਲ ਅਸੈਂਬਲਿੰਗ ਯੂਨਿਟ ਬਾਰੇ ਭਰੋਸੇਯੋਗ ਸੂਚਨਾ ਮਿਲੀ। ਸੂਚਨਾ ਅਨੁਸਾਰ ਦੋਸ਼ੀ ਪੁਰਾਣੇ ਮਦਰ ਬੋਰਡਾਂ ਦੀ ਵਰਤੋਂ ਕਰਕੇ ਨਵੇਂ ਬਾਡੀ ਪਾਰਟਸ ਨਾਲ ਮੋਬਾਈਲ ਤਿਆਰ ਕਰਦੇ ਸਨ ਅਤੇ ਫਿਰ ਵਿਸ਼ੇਸ਼ ਸਾਫਟਵੇਅਰ ਦੇ ਜ਼ਰੀਏ ਉਨ੍ਹਾਂ ਵਿਚ ਨਵੀਂ ਆਈ. ਐਮ. ਈ. ਆਈ. ਪਾਉਂਦੇ ਸਨ। 20 ਨਵੰਬਰ 2025 ਨੂੰ ਆਦਿੱਤਿਆ ਇਲੈਕਟ੍ਰੋਨਿਕਸ ਐਂਡ ਐਕਸਸਰੀਜ਼ ਦੀ ਚੌਥੀ ਮੰਜ਼ਿਲ 'ਤੇ ਛਾਪਾ ਮਾਰਿਆ ਗਿਆ ਉਥੇ ਪੰਜ ਲੋਕ ਮੋਬਾਈਲ ਅਸੈਂਬਲਿੰਗ ਅਤੇ ਆਈ. ਐਮ. ਈ. ਆਈ. ਬਦਲਣ ਦੇ ਕੰਮ ਵਿਚ ਲੱਗੇ ਹੋਏ ਸਨ। ਪੁਲਿਸ ਨੇ ਮੌਕੇ 'ਤੇ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਅਸ਼ੋਕ ਕੁਮਾਰ (ਫੈਕਟਰੀ ਮਾਲਕ), ਰਾਮ ਨਰਾਇਣ, ਧਰਮਿੰਦਰ ਕੁਮਾਰ, ਦੀਪਾਂਸ਼ੂ ਅਤੇ ਦੀਪਕ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖ਼ੁਲਾਸਾ ਕੀਤਾ ਕਿ ਉਹ ਸਕ੍ਰੈਪ ਡੀਲਰਾਂ ਤੋਂ ਵਰਤੇ ਹੋਏ ਮਦਰਬੋਰਡ ਖਰੀਦਦੇ ਸਨ, ਜਦਕਿ ਨਵੇਂ ਬਾਡੀ ਪਾਰਟਸ ਚੀਨ ਤੋਂ ਮੰਗਵਾਉਂਦੇ ਸਨ। ਦੋ ਸਾਲ ਤੋਂ ਇਹ ਨੈੱਟਵਰਕ ਚੁੱਪਚਾਪ ਚੱਲ ਰਿਹਾ ਸੀ ਅਤੇ ਅਵੈਧ ਮੋਬਾਈਲ ਸਥਾਨਕ ਮਾਰਕੀਟ ਵਿਚ ਵੇਚੇ ਜਾਂਦੇ ਸਨ। ਦੋਸ਼ੀ ਰਾਈਟ ਆਈ. ਐਮ. ਈ. ਆਈ. 0.2.2 ਸਾਫਟਵੇਅਰ ਦੇ ਜ਼ਰੀਏ ਨਵੀਂ ਆਈ. ਐਮ. ਈ. ਆਈ. ਪਾਉਂਦੇ ਸਨ ਜਿਸ ਨਾਲ ਇਨ੍ਹਾਂ ਨੂੰ ਟਰੈਕ ਕਰਨਾ ਮੁਸ਼ਕਿਲ ਹੋ ਜਾਂਦਾ ਸੀ। ਪੁਲਿਸ ਹੁਣ ਸਪਲਾਈ ਚੇਨ, ਵੰਡ ਨੈਟਵਰਕ ਅਤੇ ਖਰੀਦਦਾਰਾਂ 'ਤੇ ਕਾਰਵਾਈ ਲਈ ਜਾਂਚ ਕਰ ਰਹੀ ਹੈ।

CMYK